ਨਕਲ ੨੧੫

**ਬਾ-ਅਦਾਲਤ ਉਪ ਰਜਿਸਟਰਾਰ,ਸਹਿਕਾਰੀ ਸਭਾਵਾਂ,ਰੂਪਨਗਰ।**

ਕੇਸ ਨੰ: 40/10/26.7.2010

ਸ੍ਰੀ ਜਗਦੀਸ਼ ਕੁਮਾਰ ਪੁਤਰ ਲੇਟ ਸ੍ਰੀ ਲਾਲ ਚੰਦ ਵਾਸੀ 36 ਕਮਾਲਾ ਮਾਰਕੀਟ ਪਿੰਡ ਮੋਹਾਲੀ ਫੇਸ-1 ਮੋਹਾਲੀ ਪੰਜਾਬ।

**ਪਟੀਸ਼ਨਰ**

ਬਨਾਮ

1. ਦੀ ਯੁਨਾਇਟਡ ਸਹਿਕਾਰੀ ਹਾਊਸ ਬਿਲਡਿੰਗ ਸੁਸਾਇਟੀ ਲਿਮ:ਦਾਊਂ ਐਟ ਮੋਹਾਲੀ ਰਾਹੀ ਪ੍ਰਧਾਨ
2. ਸ੍ਰੀ ਕੁਲਦੀਪ ਸਿੰਘ ਵਿਰਕ ਆਨਰੇਰੀ ਸਕੱਤਰ,ਦੀ ਯੁਨਾਇਟਡ ਸਹਿਕਾਰੀ ਹਾਊਸ ਬਿਲਡਿੰਗ ਸੁਸਾਇਟੀ ਲਿਮ:ਦਾਊਂ ਐਟ ਮੋਹਾਲੀ(ਸੈਕਟਰ 68 )ਐਟ ਮੋਹਾਲੀ।

**ਰਿਸਪਾਂਡੈਟ**

ਪਟੀਸ਼ਨ ਅੰਡਰ ਰੂਲ 46 ਰੀਡ ਵਿੱਦ ਰੂਲ 2 (ਕੇ) ਆਫ ਦੀ ਪੰਜਾਬ੍ ਸਹਿਕਾਰੀ ਸੋਸਾਇਟੀਜ ਰੂਲ 1963 ਅਲਾਊਗ ਵਿੱਦ ਬਾਈਲਾਜ ਨੰ: 41 ਆਫ ਦੀ ਸੋਸਾਇਟੀਜ ਫਾਰ ਸੈਟਏਸਾਈਡ ਦਾ ਰੈਜੂਲੇਸ਼ਨ ਡੇਟਡ 15.7.2008 ਪਾਸਡ ਬਾਈ ਦਾ ਰਿਸਪਾਂਡੈਟ

**ਫੈਸਲਾ ਮਿਤੀ 16.8.2010**

ਸ੍ਰੀ ਨਰਿੰਦਰ ਸਿੰਘ ਵਸਿਸਟ ਵਕੀਲ ਅਪੀਲਾਂਟ ਧਿਰ

ਇਹ ਅਪੀਲ ਅਪੀਲਾਂਟ ਧਿਰ ਨੇ ਅਪਣੇ ਵਕੀਲ ਰਾਹੀ ਮਾਨਯੋਗ ਰਜਿਸਟਰਾਰ,ਸਹਿਕਾਰੀ ਸਭਾਵਾਂ,ਪੰਜਾਬ,ਚੰਡੀਗੜ ਜੀ ਦੀ ਅਦਾਲਤ ਵਿੱਚ ਦਾਇਰ ਕੀਤੀ ।ਮਾਨਯੋਗ ਅਦਾਲਤ ਵੱਲੋ ਕੇਸ ਦੀ ਸੁਣਵਾਈ ਕਰਦੇ ਸਮੇਂ ਮਿਤੀ 15.7.10 ਨੂੰ ਹੁਕਮ ਪਾਸ ਕਰਦੇ ਹੋਏ ਇਸ ਅਪੀਲ ਦਾ ਫੈਸਲਾ ਕਰਨ ~~ਲਈ~~ ਅਪੀਲ ਇਸ ਅਦਾਲਤ ਨੂੰ ਭੇਜ਼ ਦਿੱਤੀ ਗਈ ਜ਼ੋ ਕਿ ਇਸ ਦਫਤਰ ਦੇ ਰਸੀਟ ਨੰ:281 ਮਿਤੀ 26.7.2010 ਰਾਹੀਂ ਪ੍ਰਾਪਤ ਹੋਈ।

ਇਸ ਅਦਾਲਤ ਵੱਲੋ ਸੁਣਵਾਈ ਦੀ ਮਿਤੀ 2.8.10 ਨੂੰ ਸਵੇਰੇ 11-00 ਵਜੇ ਰੱਖੀ ਗਈ ਸਬੰਧਤ ਧਿਰਾਂ ਨੂੰ ਪੇਸ਼ੀ ਸਬੰਧੀ ਨੋਟਿਸ ਸਹਾਇਕ ਰਜਿਸਟਰਾਰ,ਸਹਿਕਾਰੀ ਸਭਾਵਾਂ,ਮੋਹਾਲੀ ਰਾਹੀਂ ਭੇਜਿਆ ਗਿਆ ।ਸਬੰਧਤ ਧਿਰਾਂ ਨੂੰ ਜਦੋ ਨੋਟਿਸ ਦੀ ਸਰਵਿਸ ਲਈ ਗਏ ਤਾਂ ਉਹਨਾਂ ਵੱਲੋ ਨੋਟਿਸ ਲੈਣ ਤੋ ਇਨਕਾਰ ਕਰ ਦਿੱਤਾ ਗਿਆ । ਇਸ ਤੋ ਬਾਅਦ ਕੇਸ ਦੀ ਸੁਣਵਾਈ ਦੀ ਮਿਤੀ 6.8.10 ਨਿਸ਼ਚਿਤ ਕੀਤੀ ਗਈ ਮਿਤੀ 6.8.10 ਦੇ ਦੋ ਨੋਟਿਸ ਇਸ ਦਫਤਰ ਦੇ ਕਰਮਚਾਰੀ ਸ੍ਰੀ ਰਣਵੀਰ ਸਿੰਘ ਕਲਰਕ ਰਾਹੀਂ ਸਬੰਧਤ ਧਿਰਾਂ ਨੂੰ ਭੇਜੇ ਗਏ ਪਰ ਸਬੰਧਤ ਧਿਰਾਂ ਵੱਲੋ ਇਹ ਨੋਟਿਸ ਵੀ ਲੈਣ ਤੋ ਇਨਕਾਰ ਕਰ ਦਿੱਤਾ ਗਿਆ ਅਤੇ ਸਬੰਧਤ ਕਰਮਚਾਰੀ ਵੱਲੋ ਸੰਮਣਾਂ ਦੀ ਸਰਵਿਸ ਬਾਰੇ ਹੇਠ ਲਿਖੇ ਅਨੁਸਾਰ ਰਿਪੋਰਟ ਕੀਤੀ

ਉਪਰੋਕਤ ਅਨੁਸਾਰ ਅੱਜ ਮਿਤੀ 4.8.10 ਨੂੰ ਮੈ ਮਾਨਯੋਗ ਉਪ ਰਜਿਸਟਰਾਰ,ਸਹਿਕਾਰੀ ਸਭਾਵਾਂ,ਰੂਪਨਗਰ ਜੀ ਦੇ [redacted] ਹੁਕਮਾਂ ਦੀ ਪਾਲਣਾਂ ਤਹਿਤ ਦੀ ਯੁਨਾਇਟਡ ਸਹਿਕਾਰੀ ਹਾਊਸ ਬਿਲਡਿੰਗ ਸੁਸਾਇਟੀ ਲਿਮ:ਦਾਊਂ ਐਟ ਮੋਹਾਲੀ ਦੇ ਪ੍ਰਧਾਨ ਦੇ ਸੰਮਣ ਉਸ ਦੇ ਘਰ ਫਲੈਟ ਨੰ: 139 ਯੂਨਾਇਟਡ ਸਭਾ ਵਿਖੇ ਦੁਪਹਿਰ 2.45 ਵਜੇ ਗਿਆ ਅਤੇ ਸੰਮਣਾਂ ਦੀ ਤਾਮੀਲ ਲਈ ਰਿਸਪਾਂਡੈਟ ਨੰ:2 ਦੇ ਰੂਹ-ਬ-ਰੂ ਮਿਲਿਆ ਅਤੇ ਕੇਸ ਦੀ ਮਿਤੀ ਬਾਰੇ ਦੱਸਿਆ ਅਤੇ ਤਾਮੀਲੀ ਮੰਗੀ ਗਈ ਪਰ ਕੁਲਦੀਪ ਸਿੰਘ ਵਿਰਕ (ਆਨਰੇਰੀ ਸਕੱਤਰ ਸਭਾ) ਵੱਲੋ ਤਾਮੀਲੀ ਦੇਣ ਤੋ ਸਾਫ ਇਨਕਾਰ ਕਰ ਦਿੱਤਾ ਅਤੇ ਮੈ ਸਭਾ ਪ੍ਰਧਾਨ (ਉਸਦੀ ਪਤਨੀ)ਦੇ ਸੰਮਣਾਂ ਦੀ ਤਾਮੀਲੀ ਲਈ ਕਿਹਾ ਤਾਂ ਉਸਨੇ ਅਧਿਕਾਰੀਆਂ/ਮਹਿਕਮੇ ਨੂੰ ਅਪਮਾਨਜਨਕ ਸਬਦ ਬੋਲਣੇ ਸੁਰੂ ਕਰ ਦਿੱਤੇ ਅਤੇ ਦੋਨੋ ਨੋਟਿਸਾਂ ਨੂੰ ਲੈਣ ਤੋ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਜ਼ੋ ਕਰਨਾਂ ਹੈ ਮਹਿਕਮਾਂ ਕਰ ਲਵੇ ਸਾਨੂੰ ਪ੍ਰਵਾਹ ਨਹੀਂ।ਇਹ ਰਿਪੋਰਟ ਲਿਖ ਦਿੱਤੀ ਹੈ ਤਾਂ ਜੋ ਸੁਣਵਾਈ ਸਮੇ ਕੰਮ ਆ ਸਕੇ"

ਇਸ ਕੇਸ ਦਾ ਮੁੱਖ ਸਾਰ ਇਹ ਹੈ ਕਿ ਸਭਾ ਦੀ ਪ੍ਰਬੰਧਕ ਕਮੇਟੀ ਵੱਲੋ ਜ਼ੋ ਮੀਟਿੰਗ ਮਿਤੀ 15.7.2008 ਨੂੰ ਕੀਤੀ ਹੈ ਉਸ ਵਿੱਚ ਜ਼ੋ ਅਜੰਡਾ ਨੰ: 3 ਪਾਸ ਕੀਤਾ ਹੈ ਜਿਸ ਰਾਹੀਂ ਸਭਾ ਵਿੱਚ

ਸਕੱਤਰ ਨਿਯੁਕਤ ਕੀਤਾ ਹੈ,ਉਸਨੂੰ ਗੈਰ-ਕਾਨੂੰਨੀ ਕਿਹਾ ਹੈ ਅਤੇ ਇਸ ਮਤੇ ਨੂੰ ਰੱਦ ਕਰਨ ਦੀ ਬੇਨਤੀ ਕੀਤੀ ਹੈ।

ਇਸ ਕੇਸ ਦੀ ਸੁਣਵਾਈ ਦੀ ਮਿਤੀ 2.8.10 ਨੂੰ ਕੀਤੀ ਗਈ ਇਸ ਤੋ ਬਾਅਦ ਸੁਣਵਾਈ ਦੀ ਮਿਤੀ 6.8.10 ਰੱਖੀ ਗਈ ਸੀ ਫਿਰ ਆਖਰੀ ਸੁਣਵਾਈ ਮਿਤੀ 16.8.2010 ਨੂੰ ਕੀਤੀ ਗਈ ਪਰ ਦੂਜੀ ਧਿਰ ਹਾਜਰ ਨਹੀਂ ਆਈ ਅਤੇ ਸੰਮਣ ਜ਼ੋ ਪੇਸ਼ੀ ਸਬੰਧੀ ਜਾਰੀ ਕੀਤੇ ਗਏ ਇਹਨਾਂ ਨੂੰ ਵੀ ਲੈਣ ਤੋ ਇਨਕਾਰ ਕਰ ਦਿੱਤਾ ਗਿਆ ਜਿਸ ਤੇ ਸੁਣਵਾਈ ਅਪੀਲਾਂਟ ਧਿਰ ਦੀ ਹਾਜਰੀ ਵਿੱਚ ਹੀ ਕਰਨੀ ਪਈ।

ਅਪੀਲਾਂਟ ਧਿਰ ਦੇ ਵਕੀਲ ਸ੍ਰੀ ਨਗਿੰਦਰ ਸਿੰਘ ਵੂਸਿਸਟ ਹਾਜਰ ਆਏ ਉਹਨਾਂ ਵੱਲੋ ਅਪਣੀ ਅਪੀਲ ਵਿੱਚ ਦਿੱਤੇ ਨੁਕਤੇ ਜ਼ੋਕਿ ਹੇਠ ਲਿਖੇ ਹਨ,ਉਹਨਾਂ ਤੇ [illegible] ਕਰਦੇ ਹੋਏ ਅਪੀਲ ਪ੍ਰਵਾਨ ਕਰਨ ਦੀ ਬੇਨਤੀ ਕੀਤੀ

RULE 2(K):-relative includes any related to the person concerned,his wife,his son/daughter or his son`s wife or daughter`s husband through a common ancestor,not more remote than a grand father,or any one married to a person so related.

RULE 46 :- Appointment of relatives to any office:-Save in a producers cooperative society,no relative of any member of the committee or of any other officer of a cooperative society shall be appointed to any office in a cooperative society,except with the previous sanction of the Registrar.

Section2(h):officer means the President,vice president,chairman,vice chairman,managingdirector,secretary,manager,memberofcommittee,treasurer,liquidator,administrator and includes any other person impowered under the rules or the bye-laws to give directions in regard to the business of a cooperative society;

ਇਸ ਲਈ ਉਪਰੋਕਤ ਨੂੰ ਵਾਚਦੇ ਹੋਏ ਮੈ ਇਸ ਸਿੱਟੇ ਤੇ ਪੁੱਜਾ ਹਾਂ ਕਿ ਜੇਕਰ ਇਸ ਅਪੀਲ/ਪਟੀਸ਼ਨ ਸਬੰਧੀ ਦੂਜੀ ਧਿਰ ਨੂੰ ਕੋਈ ਇਤਰਾਜ ਸੀ ਤਾਂ ਉਹ ਸੰਮਣ ਲੈਂਦੀ ਅਤੇ ਕੇਸ ਦੀ ਸੁਣਵਾਈ ਸਮੇ ਹਾਜਰ ਹੋਕੇ ਅਪਣਾ ਪੱਖ ਪੇਸ਼ ਕਰਦੀ ਪਰ ਇਸ ਤੋ ਉਲਟ ਪੱਖ ਤਾ ਪੇਸ਼ ਕੀ ਕਰਨਾਂ ਸੀ ਉਹ ਤਾਂ ਜ਼ੋ ਕਰਮਚਾਰੀ ਇਸ ਦਫਤਰ ਦੇ ਸੰਮਣ ਲੈਕੇ ਗਿਆ ਸੀ ਉਸਦੀ ਰਿਪੋਰਟ ਅਨੁਸਾਰ ਮਹਿਕਮੇ ਪ੍ਰਤੀ ਗਲਤ ਅਲਫਾਜ ਬੋਲੇ ਜ਼ੋ ਕਿ ਇੱਕ ਸਭਾ ਦੇ ਮੁੱਖੀ/ਪ੍ਰਬੰਧਕ ਲਈ ਚੰਗੇ ਨਹੀਂ ਹਨ ਇਕ ਚੁਣੇ ਗਏ ਜਿੰਮੇਵਾਰ ਕਮੇਟੀ ਮੈਬਰ ਲਈ ਅਜਿਹੀ ਭਾਸ਼ਾ ਸ਼ੋਭਾ ਨਹੀਂ ਦਿੰਦੀ, ਇਸ ਤੋ ਸਾਫ ਜ਼ਾਹਰ ਹੈ ਕਿ ਦੂਜੀ ਧਿਰ ਇਸ ਸਬੰਧੀ ਕੁੱਝ ਵੀ ਨਹੀਂ ਕਹਿਣਾ ਚਾਹੁੰਦੀ।

ਇਸ ਲਈ ਵਕੀਲ ਦੀਆਂ ਉਕਤ ਅਪੀਲ ਵਿੱਚ ਦਰਸਾਈਆਂ ਗਈਆਂ ਮੱਦਾਂ ਜ਼ੋਕਿ ਸਭਾ ਵਿੱਚ ਸਕੱਤਰ ਜਿਹੜਾ ਕਿ ਆਨਰੇਰੀ ਰੱਖਿਆ ਗਿਆ ਹੈ ਉਸ ਨਾਲ ਸਬੰਧਤ ਹਨ,ਸਭਾ ਦੀ ਪ੍ਰਬੰਧਕ ਕਮੇਟੀ ਨੇ ਇਹਨਾਂ ਐਕਟ/ਰੂਲਾਂ/ਬਾਈਲਾਜ ਦੀ ਕੋਈ ਪ੍ਰਵਾਹ ਨਹੀਂ ਕੀਤੀ ਅਪਣੇ ਅਧਿਕਾਰਾਂ ਦੀ ਨਜਾਇਜ ਵਰਤੋ ਕਰਦੇ ਹੋਏ ਸਭਾ ਵਿੱਚ ਸ੍ਰੀ ਕੁਲਦੀਪ ਸਿੰਘ ਵਿਰਕ ਨੂੰ ਜ਼ੋਕਿ ਸਭਾ ਦੇ ਪ੍ਰਧਾਨ ਦਾ ਘਰ ਵਾਲਾ(ਪਤੀ) ਹੈ ਨੂੰ ਸਕੱਤਰ ਨਿਯੁਕਤ ਕੀਤਾ ਇਸ ਲਈ ਅਪੀਲਾਂਟ ਦੀ ਅਪੀਲ ਮਨਜੂਰ ਕਰਦੇ ਹੋਏ ਮਿਤੀ 15.7.2008 ਦੀ ਮੀਟਿੰਗ ਵਿੱਚ ਮਤਾ ਨੰ: 3 ਪਾਸ ਕੀਤਾ ਹੈ ਜ਼ੋ ਸਕੱਤਰ ਦੀ ਨਿਯੁਕਤੀ ਨਾਲ ਸਬੰਧਤ ਹੈ ਰੱਦ ਕੀਤਾ ਜਾਂਦਾ ਹੈ। ਫੈਸਲਾ ਖੁੱਲੀ ਅਦਾਲਤ ਵਿੱਚ ਸੁਣਾ ਦਿੱਤਾ ਗਿਆ।

ਮਿਤੀ 16.8.2010

ਸਹੀ/-

ਉਪ ਰਜਿਸਟਰਾਰ,

ਸਹਿਕਾਰੀ ਸਭਾਵਾਂ,ਰੂਪਨਗਰ।

Date of Receipt of Application 20-8-10
Date of Preperation of Copy 23-8-10
No. of Words Copied 780
Copying Fees 2-97
Urgent Fees. —
Name of the Copyist [illegible]
Date of Issue 23-8-10

ਤਸਦੀਕ ਕੀਤੀ

ਉਪ ਰਜਿਸਟਰਾਰ
ਸਹਿਕਾਰੀ ਸਭਾਵਾਂ
ਰੂਪਨਗਰ